P- M.Phil. I

(6)

Deptt. of Punjabi University of Delhi

Roll No.____________

| | | |
|---|---|---|
| Name of Exam | : | M. Phil (Part-I) April, 2016 |
| Subject | : | Punjabi |
| Paper | : | Research Methodology & Approaches to Literature |

TIME : 3 Hours

Maximum Marks : 100

(Write your Roll No. on the top immediately on the receipt of the question paper)

ਨੋਟ : ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. 'ਖੋਜ' ਦੇ ਸਰੂਪ ਤੇ ਪ੍ਰਕਾਰਜਾਂ ਉਪਰ ਵਿਸਤ੍ਰਿਤ ਜਾਣਕਾਰੀ ਦਿਉ। 20

ਜਾਂ

ਸਾਹਿਤਕ ਖੋਜ ਦੇ ਬੁਨਿਆਦੀ ਸੋਦਾਂ ਤੇ ਜੁਗਤਾਂ ਉਪਰ ਰੌਸ਼ਨੀ ਪਾਉ।

2. ਪੰਜਾਬੀ ਖੋਜ ਦੀਆਂ ਬੁਨਿਆਦੀ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਚਰਚਾ ਦਾ ਵਿਸ਼ਾ ਬਣਾਉ। 20

ਜਾਂ

ਪੀ.ਐਚ.ਡੀ. ਦੀ ਡਿਗਰੀ ਨਾਲ ਸੰਬੰਧਤ ਕਿਸੇ ਮਨਪਸੰਦ ਸੰਭਾਵਿਤ ਵਿਸ਼ੇ ਉਪਰ, ਆਰਜ਼ੀ ਰੂਪਰੇਖਾ ਤਿਆਰ ਕਰੋ।

3. ਸ਼ੈਲੀ-ਵਿਗਿਆਨ ਨੂੰ ਵਿਕਸਤ ਕਰਨ ਵਿਚ ਆਧੁਨਿਕ ਭਾਸ਼ਾ-ਵਿਗਿਆਨ ਦੀ ਕੀ ਭੂਮਿਕਾ ਰਹੀ ਹੈ ? ਚਰਚਾ ਕਰੋ। 20

ਜਾਂ

ਰੁਮਾਂਸਵਾਦ ਦੇ ਇਤਿਹਾਸ ਤੇ ਸਿੱਧਾਂਤਕ ਪਰਿਪੇਖ ਨੂੰ ਚਰਚਾ ਦਾ ਵਿਸ਼ਾ ਬਣਾਉ।

4. ਅਰਸਤੂ ਦੇ ਚਿੰਤਨ ਤੋਂ ਲੈ ਕੇ 'ਰੂਸੀ ਰੂਪਵਾਦ' ਤੀਕ ਵਿਕਸਤ ਹੋਏ 'ਰੂਪਵਾਦ' ਨਾਲ ਸੰਬੰਧਤ ਬੁਨਿਆਦੀ ਸਥਾਪਨਾਵਾਂ ਕੀ ਹਨ ? ਚਰਚਾ ਕਰੋ। 20

ਜਾਂ

ਮਾਰਕਸਵਾਦ ਤੋਂ ਕੀ ਭਾਵ ਹੈ ? ਮਾਰਕਸਵਾਦੀ ਸਾਹਿਤ ਅਧਿਐਨ-ਵਿਧੀ ਦੀਆਂ ਮੂਲ ਸਥਾਪਨਾਵਾਂ ਕੀ ਹਨ ? ਚਰਚਾ ਕਰੋ।

5. 'ਸੰਰਚਨਾਵਾਦ, ਸਾਸਿਊਰ ਦੇ ਸੰਰਚਨਾਤਮਕ ਭਾਸ਼ਾ-ਵਿਗਿਆਨ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੈ।' ਕਥਨ ਦੀ ਪੁਸ਼ਟੀ ਕਰੋ। 20

ਜਾਂ

ਉਤਰ-ਸੰਰਚਨਾਵਾਦ, ਸੰਰਚਨਾਵਾਦ ਦੀਆਂ ਸੀਮਾਵਾਂ ਨੂੰ ਕਿਵੇਂ ਪ੍ਰਸ਼ਨ-ਚਿੰਨ੍ਹਿਤ ਕਰਦਾ ਹੈ ? ਚਰਚਾ ਕਰੋ।

Scanned with CamScanner

M.Phil. II (i)

(2)

Roll No.............

# Department of Punjabi
## University of Delhi

Exam : M.Phil, Punjabi
Subject : Punjabi
Paper : Gurmat Poetry
Option : II- (i)
(Admission of 2009& onwards)
(April- 2016)

Time Allowed: 3 hours | Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਗੁਰਮਤਿ-ਕਾਵਿ ਦੀ ਵਿਸ਼ਵ ਦ੍ਰਿਸ਼ਟੀ ਬਾਰੇ ਆਪਣੇ ਵਿਚਾਰ ਪੇਸ਼ ਕਰੋ।
ਜਾਂ
ਗੁਰਮਤਿ-ਕਾਵਿ ਦੀ ਵਿਚਾਰਧਾਰਾ ਸੰਬੰਧੀ ਵਿਸਤ੍ਰਿਤ ਚਰਚਾ ਕਰੋ। 20

2. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਸੰਬੰਧੀ ਸਮੀਖਿਆਤਮਕ ਅਧਿਐਨ ਉਸਾਰੋ।
ਜਾਂ
ਗੁਰਮਤਿ-ਕਾਵਿ ਦੇ ਕਾਵਿ-ਸ਼ਾਸਤ੍ਰ ਨੂੰ ਕਿਵੇਂ ਉਸਾਰਿਆ ਜਾ ਸਕਦਾ ਹੈ, ਇਸ ਸੰਬੰਧੀ ਵਿਸਤ੍ਰਿਤ ਅਧਿਐਨ ਪੇਸ਼ ਕਰੋ। 20

3. 'ਅਨੰਦੁ' ਸਾਹਿਬ ਬਾਣੀ ਵਿਚ ਦਰਜ 'ਗੁਰੂ' ਅਤੇ 'ਅਨੰਦ' ਦੇ ਸੰਕਲਪ ਦੀ ਨਿਸ਼ਾਨਦੇਹੀ ਕਰੋ।
ਜਾਂ
'ਅਨੰਦੁ' ਸਾਹਿਬ ਬਾਣੀ ਦੀ ਸਾਹਿਤਕਤਾ ਬਾਰੇ ਚਰਚਾ ਕਰੋ। 20

4. ਬਾਬਾ ਫਰੀਦ ਬਾਣੀ ਵਿਚ ਦਰਜ ਨੈਤਿਕਤਾ ਦੇ ਸੰਕਲਪ ਬਾਰੇ ਆਪਣਾ ਅਧਿਐਨ ਪੇਸ਼ ਕਰੋ।
ਜਾਂ
ਫਰੀਦ ਬਾਣੀ ਦੇ ਦਾਰਸ਼ਨਿਕ ਫਲਸਫ਼ੇ ਸੰਬੰਧੀ ਸਮੀਖਿਆਤਮਕ ਅਧਿਐਨ ਉਸਾਰੋ। 20

5. ਸਲੋਕ ਮਹੱਲਾ ਨੌਵਾਂ ਦੇ ਥੀਮਕ ਪਸਾਰਾਂ ਸੰਬੰਧੀ ਚਰਚਾ ਕਰੋ।
ਜਾਂ
ਸਲੋਕ ਮਹੱਲਾ ਨੌਵਾਂ ਤੇ ਫਰੀਦ ਬਾਣੀ ਵਿਚ ਦਰਜ ਨਾਸ਼ਮਾਨਤਾ ਦੇ ਸੰਕਲਪ ਦਾ ਤੁਲਨਾਤਮਕ ਅਧਿਐਨ ਉਲੀਕੋ। 20

Scanned with CamScanner

(1)

Department of Punjabi

University of Delhi

Name of Examination : M. Phil. (Part I) April 2016

Subject : Punjabi Roll No. ..................

Paper : II (Option ii) – Punjabi Sufi Kaav

Time Allowed : 3 Hours Maximum Marks : 100

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ ।

1. ਪ੍ਰਮੁੱਖ ਸੂਫ਼ੀ ਸਿਲਸਿਲੇ ਕਿਹੜੇ-ਕਿਹੜੇ ਹਨ ? ਵਿਸਤ੍ਰਿਤ ਨੋਟ ਲਿਖੋ।

ਜਾਂ

ਪੰਜਾਬੀ ਸੂਫ਼ੀ ਕਾਵਿ ਦੀ ਸਭਿਆਚਾਰਕ ਪਿੱਠ-ਭੂਮੀ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਤਾਰਪੂਰਵਕ ਚਰਚਾ ਕਰੋ। 20

2. ਪੰਜਾਬੀ ਸੂਫ਼ੀ ਕਾਵਿ ਦੇ ਪ੍ਰਮੁੱਖ ਕਾਵਿ ਰੂਪਾਂ ਨਾਲ ਜਾਣ-ਪਛਾਣ ਕਰਵਾਓ ।

ਜਾਂ

ਪੰਜਾਬੀ ਸੂਫ਼ੀ ਕਾਵਿ ਵਿਚ ਪੇਸ਼ ਰਹੱਸਾਤਮਕ ਅਨੁਭਵਾਂ ਨੂੰ ਚਰਚਾ ਦਾ ਵਿਸ਼ਾ ਬਣਾਓ । 20

3. ਪੰਜਾਬੀ ਸੂਫ਼ੀ ਕਾਵਿ ਦੇ ਬਿੰਬ ਵਿਧਾਨ ਸਬੰਧੀ ਸਮੀਖਿਆਤਮਕ ਨੋਟ ਲਿਖੋ ।

ਜਾਂ

ਪੰਜਾਬੀ ਸੂਫ਼ੀ ਕਾਵਿ ਵਿਚ ਪੇਸ਼ ਮਨੁੱਖ ਦੇ ਸੰਕਲਪ ਬਾਰੇ ਵਿਸਤ੍ਰਿਤ ਚਰਚਾ ਕਰੋ। 20

4. ਪ੍ਰਗੀਤ ਨੂੰ ਪਰਿਭਾਸ਼ਤ ਕਰਦੇ ਹੋਏ, ਪੰਜਾਬੀ ਸੂਫ਼ੀ ਕਾਵਿ ਵਿਚ ਪ੍ਰਗੀਤਾਤਮਕਤਾ 'ਤੇ ਨੋਟ ਲਿਖੋ ।

ਜਾਂ

ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਦੇ ਪ੍ਰਗੀਤਕ ਪੱਖ ਬਾਰੇ ਵਿਸਤ੍ਰਿਤ ਟਿੱਪਣੀ ਕਰੋ । 20

5. ਕਾਵਿ ਸ਼ਾਸਤਰ ਦੇ ਹਵਾਲੇ ਨਾਲ ਪੰਜਾਬੀ ਸੂਫ਼ੀ ਕਾਵਿ ਦੇ ਕਾਵਿ ਸ਼ਾਸਤਰੀ ਨੇਮਾਂ ਬਾਰੇ ਜਾਣਕਾਰੀ ਦਿਓ ।

ਜਾਂ

ਪੰਜਾਬੀ ਸੂਫ਼ੀ ਕਾਵਿ ਵਿਚ ਪੇਸ਼ ਦਾਰਸ਼ਨਿਕ ਵਿਚਾਰਾਂ ਦੀ ਸਮਕਾਲੀ ਸਾਰਥਕਤਾ ਨੂੰ ਚਰਚਾ ਦਾ ਵਿਸ਼ਾ ਬਣਾਓ । 20

Scanned with CamScanner

M.Phil II (iii)

Roll No.............

Department of Punjabi
University of Delhi

Exam : M.Phil, Punjabi
Subject : Punjabi
Paper : Punjabi Kissa Kav
Option : C-II(iii)
(Admission of 2009& onwards)
(April- 2016)

Time Allowed: 3 hours

Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. ਪੰਜਾਬੀ ਕਿੱਸਾ ਕਾਵਿ ਦੇ ਵਿਚਾਰਧਾਰਾਈ ਉਸਾਰ ਵਿੱਚ ਕਿਹੜੇ ਤੱਤ ਅਹਿਮ ਭੂਮਿਕਾ ਨਿਭਾਉਂਦੇ ਹਨ? ਉਹਨਾਂ ਸੰਬੰਧੀ ਵਿਸਥਾਰਪੂਰਵਕ ਚਰਚਾ ਕਰੋ। 20

ਜਾਂ

ਪੰਜਾਬੀ ਕਿੱਸਾ ਕਾਵਿ ਦੀ ਪੰਰਪਰਾ ਦਾ ਪ੍ਰਵਾਹ ਕਿਵੇਂ ਤੁਰਿਆ? ਇਸ ਪੱਖ ਨੂੰ ਆਪਣੇ ਸ਼ਬਦਾਂ ਵਿੱਚ ਸਪੱਸ਼ਟ ਕਰੋ।

2. ਮੱਧਕਾਲੀ ਪੰਜਾਬੀ ਸਾਹਿਤ ਦੇ ਸੰਦਰਭ ਵਿੱਚ ਪੰਜਾਬੀ ਕਿੱਸਾ ਕਾਵਿ ਦਾ ਸਥਾਨ ਨਿਸ਼ਚਿਤ ਕਰੋ। 20

ਜਾਂ

ਪੰਜਾਬੀ ਕਿੱਸਾ ਕਾਵਿ ਦੇ ਚਿਹਨ ਪ੍ਰਬੰਧ ਦਾ ਅਧਿਐਨ ਕਰੋ।

3. ਹੀਰ ਵਾਰਿਸ ਵਿੱਚ ਪੇਸ਼ ਮੱਧਕਾਲੀ ਸਭਿਆਚਾਰ ਅਤੇ ਜੀਵਨ-ਜਾਚ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ। 20

ਜਾਂ

ਹੀਰ ਵਾਰਿਸ ਅਤੇ ਹੀਰ ਦਮੋਦਰ ਦੀ ਤੁਲਨਾ ਕਰੋ।

4. ਸੱਸੀ ਹਾਸ਼ਮ ਕਿੱਸੇ ਦਾ ਪੰਜਾਬੀ ਕਿੱਸਾ ਕਾਵਿ ਦੀ ਪੰਰਪਰਾ ਦੇ ਸੰਦਰਭ ਵਿੱਚ ਸਥਾਨ ਨਿਸ਼ਚਿਤ ਕਰੋ। 20

ਜਾਂ

ਸੱਸੀ ਹਾਸ਼ਮ ਵਿੱਚ ਪੇਸ਼ ਨਾਇਕਾ ਦਾ ਸੰਕਲਪ, ਪੰਜਾਬੀ ਕਿੱਸਾ ਕਾਵਿ ਦੀਆਂ ਹੋਰ ਨਾਇਕਾਵਾਂ ਨਾਲੋਂ ਵੱਖਰਤਾ ਰੱਖਦਾ ਹੈ? ਚਰਚਾ ਕਰੋ।

5. ਕਾਦਰਯਾਰ ਰਚਿਤ ਕਿੱਸਾ 'ਪੂਰਨ ਭਗਤ' ਦਾ ਮਿੱਥ ਦੇ ਹਵਾਲੇ ਨਾਲ ਅਧਿਐਨ-ਵਿਸ਼ਲੇਸ਼ਣ ਕਰੋ। 20

ਜਾਂ

ਕਾਦਰਯਾਰ ਰਚਿਤ ਕਿੱਸਾ 'ਪੂਰਨ ਭਗਤ' ਦੇ ਚਿਹਨ ਪ੍ਰਬੰਧ ਦਾ ਅਧਿਐਨ ਕਰੋ।

Scanned with CamScanner

M.Phil. II (iv)

(1)

Roll no.................

Department of Punjabi

University of Delhi,Delhi-07

Name of Examination : M.Phil (April-2016)

Subject : Punjabi

Course : II- Medieval Punjabi Literature

Paper : II (option- IV) Vir Kaav

Time : 3 Hours

Maximum Marks :100

**ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ**

1. ਪੰਜਾਬੀ ਵੀਰ ਕਾਵਿ ਦੇ ਇਤਿਹਾਸਕ ਵਿਕਾਸ ਬਾਰੇ ਚਰਚਾ ਕਰਦੇ ਹੋਏ ਇਸ ਦੇ ਸਾਹਿਤਕ ਮਹੱਤਵ ਬਾਰੇ ਵਿਸਤਾਰ ਸਹਿਤ ਚਰਚਾ ਕਰੋ।

   ਜਾਂ

   ਪੰਜਾਬੀ ਵਾਰ ਕਾਵਿ-ਪਰੰਪਰਾ ਉਤੇ ਸਮੀਖਿਆਤਮਕ ਨੋਟ ਲਿਖੋ। 20

2. ਵੀਰ ਕਾਵਿ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਨੂੰ ਵਿਚਾਰ ਚਰਚਾ ਦਾ ਅਧਾਰ ਬਣਾਓ।

   ਜਾਂ

   ਪੰਜਾਬੀ ਵੀਰ ਕਾਵਿ ਦੇ ਅੰਤਰਗਤ ਵਾਰ ਰਚਨਾਵਾਂ ਦੇ ਵਿਸ਼ੇ ਪੱਖ ਬਾਰੇ ਵਿਸਤ੍ਰਿਤ ਨੋਟ ਲਿਖੋ। 20

3. ਨਾਇਕ ਦੇ ਸੰਕਲਪ ਨੂੰ ਸਪੱਸ਼ਟ ਕਰਦੇ ਹੋਏ, ਪੰਜਾਬੀ ਵੀਰ ਕਾਵਿ ਵਿਚ ਪੇਸ਼ ਨਾਇਕ ਨੂੰ ਵਿਸ਼ਲੇਸ਼ਤ ਕਰੋ।

   ਜਾਂ

   ਚੰਡੀ ਦੀ ਵਾਰ ਵਿਚ ਮਿੱਥ-ਰੂਪਾਂਤਰਣ ਨੂੰ ਅਧਿਐਨ ਦਾ ਵਿਸ਼ਾ ਬਣਾਓ। 20

4. ਕਾਵਿ-ਸ਼ਾਸਤਰ ਨੂੰ ਪਰਿਭਾਸ਼ਤ ਕਰਦੇ ਹੋਏ, ਵੀਰ ਕਾਵਿ ਦੇ ਕਾਵਿ ਸ਼ਾਸਤਰੀ ਨੇਮਾਂ ਦੀ ਨਿਸ਼ਾਨਦੇਹੀ ਕਰੋ।

   ਜਾਂ

   ਵੀਰ ਕਾਵਿ ਦੇ ਦੋ ਪ੍ਰਮੁੱਖ ਰੂਪਾਕਾਰਾਂ 'ਵਾਰ ਅਤੇ ਜੰਗਨਾਮਾ'ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰਦੇ ਹੋਏ, ਇਨ੍ਹਾਂ ਵਿਚਲਾ ਅੰਤਰ-ਨਿਖੇੜ ਵੀ ਸਪੱਸ਼ਟ ਕਰੋ। 20

5. ਵੀਰ ਕਾਵਿ ਨੇ ਪੰਜਾਬੀ ਭਾਈਚਾਰੇ ਨੂੰ ਕਿਵੇਂ ਪ੍ਰਭਾਵਿਤ ਕੀਤਾ ? ਚਰਚਾ ਕਰੋ।

   ਜਾਂ

   ਚੰਡੀ ਦੀ ਵਾਰ,ਨਾਦਰ ਸ਼ਾਹ ਦੀ ਵਾਰ ਅਤੇ ਚੱਠਿਆਂ ਦੀ ਵਾਰ ਦਾ ਤੁਲਨਾਤਮਕ ਪਰਿਪੇਖ ਉਸਾਰੋ। 20

Scanned with CamScanner

M.Phil II (v)

(2)

Roll No.............

Department of Punjabi
University of Delhi
Exam : M.Phil, Punjabi
Subject : Punjabi
Paper : II- Medieval Punjabi Literature
Option : (v) Folklore
(Admission of 2009& onwards)
(April- 2016)

Time Allowed:3 hours

Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਲੋਕਧਾਰਾਈ ਅਧਿਐਨ ਲਈ ਪੇਸ਼ ਵਿਭਿੰਨ ਵਿਆਖਿਆ ਪ੍ਰਣਾਲੀਆਂ ਦੀ ਸਾਰਥਿਕਤਾ ਬਾਰੇ ਵਿਸਤਾਰਮਈ ਟਿੱਪਣੀ ਕਰੋ।

ਜਾਂ

ਲੋਕਧਾਰਾ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਤੱਤ ਤੇ ਖੇਤਰ ਦੀ ਨਿਸ਼ਾਨਦੇਹੀ ਕਰੋ। 20

2. ਕੀ ਲੋਕਧਾਰਾ ਸ਼ਾਸਤਰੀ 'ਸਰ ਰਿਚਰਡਜ਼ ਟੈਂਪਲ' ਪੰਜਾਬੀ ਲੋਕਧਾਰਾ ਦਾ ਪਿਤਾਮਾ ਹੈ? ਇਸ ਕਥਨ ਬਾਰੇ ਆਪਣੇ ਵਿਚਾਰ ਪੇਸ਼ ਕਰੋ। 20

ਜਾਂ

ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਵਣਜਾਰਾ ਬੇਦੀ ਦੁਆਰਾ ਪਾਏ ਯੋਗਦਾਨ ਬਾਰੇ ਚਰਚਾ ਕਰੋ।

3. ਦੇਵਿੰਦਰ ਸਤਿਆਰਥੀ ਦੁਆਰਾ ਰਚਿਤ ਪੁਸਤਕ 'ਗਿੱਧਾ' ਵਿੱਚ ਪੰਜਾਬੀ ਸਮਾਜ ਦੀ ਕਿਹੋ ਜਿਹੀ ਤਸਵੀਰ ਉਜਾਗਰ ਹੁੰਦੀ ਹੈ? ਆਪਣੇ ਸ਼ਬਦਾਂ ਵਿੱਚ ਸਪੱਸ਼ਟ ਕਰੋ।

ਜਾਂ

ਦੇਵਿੰਦਰ ਸਤਿਆਰਥੀ ਦੁਆਰਾ ਰਚਿਤ 'ਗਿੱਧਾ' ਪੁਸਤਕ ਦੀ ਭੂਮਿਕਾ ਦੇ ਆਧਾਰ ਉਤੇ ਇਸ ਕਿਰਤ ਦਾ ਵਿਸ਼ਲੇਸ਼ਣ ਕਰੋ। 20

4. ਪੰਜਾਬੀ ਲੋਕ ਕਹਾਣੀਆਂ ਵਿੱਚ ਪੇਸ਼ ਰਿਸ਼ਤਾ-ਨਾਤਾ ਪ੍ਰਬੰਧ ਬਾਰੇ ਆਪਣੇ ਵਿਚਾਰ ਪ੍ਰਗਟਾਓ।

ਜਾਂ

ਪੰਜਾਬੀ ਦੀਆਂ ਕੋਈ ਦੋ ਲੋਕ ਕਹਾਣੀਆਂ ਦਾ ਚਿਹਨ ਵਿਗਿਆਨਕ ਅਧਿਐਨ ਕਰੋ। 20

5. ਪੰਜਾਬੀ ਲੋਕ ਗੀਤਾਂ ਵਿੱਚ ਪੇਸ਼ ਸਮਾਜਿਕ ਸਰੋਕਾਰਾਂ ਨਾਲ ਜਾਣ-ਪਛਾਣ ਕਰਾਓ।

ਜਾਂ

ਪੰਜਾਬੀ ਗੀਤਾਂ-ਰਸਮਾਂ ਦੇ ਸਮਾਜ-ਸਭਿਆਚਾਰਕ ਮਹੱਤਵ ਨੂੰ ਉਜਾਗਰ ਕਰੋ। 20

Scanned with CamScanner

M.Phil-III (i)

1

Roll No....

Department of Punjabi
University of Delhi (April, 2016)
Exam. : M. Phil. (Punjabi)
Subject: Punjabi
Course : III (i)
Paper : Punjabi Poetry

Time: 3 hours

Marks:100

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ।

1. "ਭਾਰਤ (ਪੰਜਾਬ) ਵਿਚ ਬਸਤੀਵਾਦ ਤੇ ਆਧੁਨਿਕਤਾ ਨਾਲੋਂ ਨਾਲ ਚਲਦੇ ਹਨ।" ਇਸ ਕਥਨ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹੋਏ ਆਧੁਨਿਕ ਪੰਜਾਬੀ ਕਵਿਤਾ ਦੇ ਨਕਸ਼ ਉਲੀਕੋ।

ਜਾਂ

ਆਧੁਨਿਕਤਾਵਾਦ ਦੇ ਸੰਕਲਪ ਨੂੰ ਪਰਿਭਾਸ਼ਤ ਕਰਦੇ ਹੋਏ, ਆਧੁਨਿਕ ਪੰਜਾਬੀ ਕਵਿਤਾ ਦੇ ਉਦਭਵ ਉੱਤੇ ਰੌਸ਼ਨੀ ਪਾਓ। 20

2. ਗ਼ਦਰ ਲਹਿਰ ਦੀ ਪੰਜਾਬੀ ਕਵਿਤਾ ਦੇ ਮੂਲ ਸਰੋਕਾਰਾਂ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।

ਜਾਂ

ਪ੍ਰਗਤੀਵਾਦੀ ਲੇਖਕ ਸੰਘ ਦੀ ਸਥਾਪਨਾ ਅਤੇ ਇਸ ਦੇ ਉਦੇਸ਼ਾਂ ਬਾਰੇ ਚਰਚਾ ਕਰਦਿਆਂ ਪ੍ਰਗਤੀਵਾਦੀ ਪੰਜਾਬੀ ਕਵਿਤਾ ਦੀ ਸਾਰਥਕਤਾ ਨੂੰ ਸਪਸ਼ਟ ਕਰੋ। 20

3. "ਪ੍ਰਯੋਗਵਾਦੀ ਪੰਜਾਬੀ ਕਵਿਤਾ, ਪ੍ਰਗਤੀਵਾਦੀ ਕਾਵਿ ਦੇ ਸੁਚੇਤ ਵਿਰੋਧ 'ਚੋਂ ਰੂਪ ਗ੍ਰਹਿਣ ਕਰਦੀ ਹੈ।" ਇਸ ਕਥਨ ਦੀ ਵਿਆਖਿਆ ਕਰਦੇ ਹੋਏ, ਪ੍ਰਯੋਗਵਾਦੀ ਪੰਜਾਬੀ ਕਵਿਤਾ ਦੀਆਂ ਸੀਮਾਵਾਂ ਉੱਤੇ ਰੌਸ਼ਨੀ ਵੀ ਪਾਓ।

ਜਾਂ

"ਜੁਝਾਰਵਾਦੀ ਪੰਜਾਬੀ ਕਵਿਤਾ ਹਿੰਸਾ ਦੀ ਪੈਰਵੀ ਕਰਨ ਦੇ ਬਾਵਜੂਦ, ਜਨ ਮਾਨਸ ਵਿਚ ਵੱਧ ਮਕਬੂਲ ਹੁੰਦੀ ਹੈ।" ਦਲੀਲ ਪੂਰਵਕ ਚਰਚਾ ਕਰੋ। 20

4. ਪੂਰਬੀ ਅਤੇ ਪੱਛਮੀ ਕਾਵਿ-ਸ਼ਾਸਤਰ ਦੀਆਂ ਮੂਲ ਸਿਧਾਂਤਕ ਸਥਾਪਨਾਵਾਂ ਦੇ ਅਧਾਰ 'ਤੇ ਇਹਨਾਂ ਵਿਚਲੇ ਅੰਤਰ ਨੂੰ ਸਪਸ਼ਟ ਕਰੋ।

ਜਾਂ

ਪੰਜਾਬੀ ਕਵਿਤਾ ਦੀਆਂ ਹਾਸ਼ੀਆਗਤ ਕਾਵਿ ਧਾਰਾਵਾਂ ਦੇ ਕਾਵਿ-ਸ਼ਾਸਤਰ ਸੰਬੰਧੀ ਇਕ ਵਿਸਤ੍ਰਿਤ ਨੋਟ ਲਿਖੋ। 20

5. ਸਮਕਾਲ ਨੂੰ ਪਰਿਭਾਸ਼ਤ ਕਰਦੇ ਹੋਏ, ਸਮਕਾਲੀ ਪੰਜਾਬੀ ਕਵਿਤਾ ਦੇ ਪਛਾਣ-ਚਿੰਨ੍ਹਾਂ ਬਾਰੇ ਚਰਚਾ ਕਰੋ।

ਜਾਂ

ਪੰਜਾਬੀ ਨਾਰੀ ਕਾਵਿ ਦੇ ਇਤਿਹਾਸ ਬਾਰੇ ਗੱਲ ਕਰਦੇ ਹੋਏ, ਸਮਕਾਲੀ ਸਥਿਤੀ ਬਾਰੇ ਵੀ ਚਰਚਾ ਕਰੋ 20

Scanned with CamScanner

M.Phil. III (ii)

Roll No..............

Department of Punjabi
University of Delhi

Exam : M.Phil, Punjabi
Subject : Punjabi
Paper : Punjabi Galap
Option : III (ii)
(Admission of 2009& onwards)
(April- 2016)

Time Allowed:3 hours

Maximum Marks:100

ਨੋਟ: ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹਨ।

1. ਪੰਜਾਬੀ ਨਾਵਲ ਦੇ ਵੀਹਵੀਂ ਸਦੀ ਤੋਂ ਲੈ ਕੇ ਇੱਕਵੀਂ ਸਦੀ ਤੱਕ ਦੇ ਵਿਭਿੰਨ ਝੁਕਾਵਾਂ ਬਾਰੇ ਚਰਚਾ ਕਰੋ। 20

ਜਾਂ

ਹੁਣ ਤਕ ਦੀ ਪੰਜਾਬੀ ਕਹਾਣੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਨੋਟ ਲਿਖੋ।

2. ਕੀ ਪੰਜਾਬੀ ਨਾਵਲ ਚਿੰਤਨ ਪੁਨਰ-ਸੰਵਾਦ ਦੀ ਮੰਗ ਕਰਦਾ ਹੈ? ਆਪਣੇ ਵਿਚਾਰਾਂ ਵਿੱਚ ਸਪੱਸ਼ਟ ਕਰੋ। 20

ਜਾਂ

ਕੀ ਪੰਜਾਬੀ ਕਹਾਣੀ ਨੂੰ ਵਿਸ਼ਵ ਪੱਧਰ ਦੀ ਕਹਾਣੀ ਕਿਹਾ ਜਾ ਸਕਦਾ ਹੈ ? ਉਦਾਹਰਣਾਂ ਦੇ ਕੇ ਸਮਝਾਉ।

3. ਹਰਜੀਤ ਅਟਵਾਲ ਦੁਆਰਾ ਰਚਿਤ 'ਬ੍ਰਿਟਿਸ਼ ਬੌਰਨ ਦੇਸੀ' ਨਾਵਲ ਪਰਵਾਸੀ ਜੀਵਨ ਦੀਆਂ ਕਿਹੜੀਆਂ ਮੂਲ ਸਮੱਸਿਆਵਾਂ ਦੀ ਪੇਸ਼ਕਾਰੀ ਕਰਦਾ ਹੈ? ਵਿਸਤਾਰਮਈ ਟਿੱਪਣੀ ਕਰੋ। 20

ਜਾਂ

ਹਰਜੀਤ ਅਟਵਾਲ ਦੁਆਰਾ ਰਚਿਤ 'ਬ੍ਰਿਟਿਸ਼ ਬੌਰਨ ਦੇਸੀ' ਨਾਵਲ ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ ਕਰੋ।

4. ਕਰਮਜੀਤ ਸਿੰਘ ਕੁੱਸਾ ਦੇ ਨਾਵਲ ਵਿਚ ਪੇਸ਼ ਦਲਿਤ ਚੇਤਨਾ 'ਤੇ ਨੋਟ ਲਿਖੋ।

ਜਾਂ

'ਅੱਗ ਦਾ ਗੀਤ' ਨਾਵਲ ਵਿੱਚ ਵਿਭਿੰਨ ਸਮਾਜਿਕ ਵਰਗਾਂ ਦੇ ਆਪਸੀ ਟਕਰਾਵਾਂ ਨਾਲ ਜਾਣ-ਪਛਾਣ ਕਰਾਉ। 20

5. ਡਾ.ਰਵੀ ਰਵਿੰਦਰ ਦੁਆਰਾ ਸੰਪਾਦਿਤ ਪੁਸਤਕ ਵਿਚਲੀਆਂ ਆਖਰੀ ਛੇ ਕਹਾਣੀਆਂ ਵਿਚ ਕਿਸਾਨੀ ਸੰਕਟ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰੋ।

ਜਾਂ 20

ਉਪਰੋਕਤ ਛੇ ਕਹਾਣੀਆਂ ਦੇ ਬਿਰਤਾਂਤ ਸ਼ਾਸਤਰ ਤੇ ਨੋਟ ਲਿਖੋ।

Scanned with CamScanner

M.Phil. III (iii)

(3)

Deptt. of Punjabi University of Delhi

Name of Exam : M. Phil (Part-I) April, 2016

Subject : Punjabi

Paper : III (Op. III) Punjabi Natak

Roll No.___________

TIME : 3 Hours

Maximum Marks : 100

(Write your Roll No. on the top immediately on the receipt of the question paper)

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਪਾਰਸੀ ਨਾਟ ਸ਼ੈਲੀ ਨੇ ਨਾਟਕ ਨੂੰ ਲੋਕਪ੍ਰਿਯ ਹੀ ਨਹੀਂ ਬਣਾਇਆ ਸਗੋਂ ਰੰਗ-ਮੰਚ ਦੇ ਵਿਕਾਸ ਵਿਚ ਵੀ ਆਪਣਾ ਅਹਿਮ ਯੋਗਦਾਨ ਪਾਇਆ ਹੈ। ਸਪਸ਼ਟ ਕਰੋ।

ਜਾਂ

''ਐਪਿਕ ਨਾਟਕ ਸ਼ੈਲੀ ਪਰੰਪਰਕ ਨਾਟ-ਸਿਧਾਂਤਾਂ, ਸ਼ੈਲੀਆਂ ਅਤੇ ਨਾਟ-ਪ੍ਰਭਾਵਾਂ ਨੂੰ ਨਵੇਂ ਸਿਰੇ ਤੋਂ ਵਿਉਂਤਦੀ ਹੋਈ, ਨਾਟਕ ਦੇ ਪ੍ਰਕਾਰਜੀ ਮਹੱਤਵ ਉੱਤੇ ਬਲ ਦਿੰਦੀ ਹੈ।'' ਚਰਚਾ ਕਰੋ। 20

2. ਨਾਟਕ 'ਹੱਕ' ਨੂੰ ਸੱਤਰਵਿਆਂ ਦੇ ਦਹਾਕੇ ਵਿਚਲੇ ਪੰਜਾਬ ਦੀ ਸਮਾਜਿਕ-ਆਰਥਿਕ ਪੜ੍ਹਤ ਵਜੋਂ ਵਿਚਾਰਦਿਆਂ ਉਸ ਦੀ ਸਾਰਥਕਤਾ ਉੱਤੇ ਚਾਨਣਾ ਪਾਓ।

ਜਾਂ

ਨਾਟਕ 'ਹੱਕ' ਵਿਚ ਵਰਤੇ ਗਏ ਬਾਗਾਂ ਦੇ ਪ੍ਰਤੀਕ ਨੂੰ ਆਧਾਰ ਬਣਾ ਕੇ ਇਸ ਨਾਟਕ ਦੀ ਰਚਨਾਕਾਰੀ ਬਾਰੇ ਆਪਣੇ ਵਿਚਾਰ ਰੱਖੋ। 20

3. 'ਲੋਹਾ ਕੁੱਟ' ਨਾਟਕ ਸੁਖਾਂਤ ਹੁੰਦਿਆਂ ਹੋਇਆ ਵੀ ਦੁਖਾਂਤ ਦੇ ਪ੍ਰਭਾਵ ਸਿਰਜਦਾ ਹੈ। ਸਪਸ਼ਟ ਕਰੋ। 20

ਜਾਂ

ਨਾਟਕ 'ਲੋਹਾ ਕੁੱਟ' ਬਲਵੰਤ ਗਾਰਗੀ ਦੀ ਕਲਾਤਮਕ ਅਤੇ ਰੰਗ-ਮੰਚ ਸੂਝ ਦਾ ਪ੍ਰਤੀਕ ਹੈ। ਚਰਚਾ ਕਰੋ।

4. ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' ਪਰੰਪਰਾਗਤ ਨਾਟਕ ਤੋਂ ਵੱਖ ਸਿਰਜਦਿਆਂ ਇਕ ਨਵਾਂ ਮਾਡਲ ਸਿਰਜਦਾ ਹੈ, ਇਸ ਕਥਨ ਦੀ ਪ੍ਰੋੜ੍ਹਤਾ ਵਿਚ ਆਪਣੇ ਵਿਚਾਰ ਪੇਸ਼ ਕਰੋ। 20

ਜਾਂ

ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' ਨੂੰ ਨਾਰੀਵਾਦੀ ਦ੍ਰਿਸ਼ਟੀ ਤੋ ਵਿਚਾਰਦਿਆਂ ਇਸ ਬਾਰੇ ਚਰਚਾ ਕਰੋ।

5. ਨੁਕੜ ਨਾਟ-ਸ਼ੈਲੀ ਇਲੀਟ ਥੀਏਟਰ ਦੇ ਵਿਰੋਧ ਵਿਚੋਂ ਪੈਦਾ ਹੋਈ ਹੈ। ਉਦਾਹਰਣਾਂ ਸਹਿਤ ਸਪਸ਼ਟ ਕਰੋ।

ਜਾਂ

ਨਾਟਕ 'ਲੋਹਾ ਕੁੱਟ' ਵਿਚ ਬਲਵੰਤ ਗਾਰਗੀ ਵਰਜਿਤ ਰਿਸ਼ਤਿਆਂ ਦੀ ਨਵੀਂ ਵਿਆਕਰਣ ਪੇਸ਼ ਕਰਦਾ ਹੈ। ਚਰਚਾ ਕਰੋ। 20

Scanned with CamScanner

M.Phil - III (iv)

**Department of Punjabi, University of Delhi, Delhi-07**

| | | |
|---|---|---|
| Name of the Examination | : | M.Phil. (2016) |
| Subject | : | Punjabi |
| Course | : | III Modern Punjabi Literature |
| Paper | : | III (IV) Modern Punjabi Prose, Biography and Literary Criticism |

**Time Allowed** : 3 Hours　　　　**Max. Marks**: 100

**ਨੋਟ: ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ 20 ਅੰਕ ਹਨ।**

1. ਵਾਰਤਕ ਦੀ ਪਰਿਭਾਸ਼ਾ ਸਪੱਸ਼ਟ ਕਰਦਿਆਂ ਆਧੁਨਿਕ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਕਾਰਾਂ ਨਾਲ ਜਾਣ-ਪਛਾਣ ਕਰਵਾਓ।

ਜਾਂ

ਆਧੁਨਿਕ ਪੰਜਾਬੀ ਵਾਰਤਕ ਦੇ ਉਦਭਵ ਅਤੇ ਵਿਕਾਸ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ।

2. ਪੰਜਾਬੀ ਜੀਵਨੀ ਅਤੇ ਸ੍ਵੈ-ਜੀਵਨੀ ਸਾਹਿਤ ਦੇ ਇਤਿਹਾਸਕ ਵਿਕਾਸਕ੍ਰਮ ਨੂੰ ਸਪੱਸ਼ਟ ਕਰੋ।

ਜਾਂ

ਪੰਜਾਬੀ ਨਿਬੰਧ ਅਤੇ ਸਫ਼ਰਨਾਮਾ ਸਾਹਿਤ ਰੂਪਕਾਰਾਂ ਦੀ ਪਰਿਭਾਸ਼ਾ ਦਿੰਦਿਆਂ, ਇਹਨਾਂ ਦੇ ਤੱਤਾਂ ਬਾਰੇ ਜਾਣਕਾਰੀ ਦਿਓ।

3. ਮਾਰਕਸਵਾਦੀ ਆਲੋਚਨਾ ਪ੍ਰਣਾਲੀ ਬਾਰੇ ਇਕ ਵਿਸਤਾਰਪੂਰਵਕ ਨੋਟ ਲਿਖੋ ਅਤੇ ਇਸ ਆਲੋਚਨਾ ਪ੍ਰਣਾਲੀ ਦੇ ਪੰਜਾਬੀ ਸਾਹਿਤ ਉਤੇ ਪਏ ਪ੍ਰਭਾਵਾਂ ਨੂੰ ਸਪਸ਼ਟ ਕਰੋ।

ਜਾਂ

ਸੌਸਿਊਰ ਦੇ ਭਾਸ਼ਾ ਚਿੰਤਨ ਨੂੰ ਸਪੱਸ਼ਟ ਕਰਦਿਆਂ, ਸੰਰਚਨਾਵਾਦੀ ਆਲੋਚਨਾ ਪ੍ਰਣਾਲੀ ਬਾਰੇ ਚਰਚਾ ਕਰੋ।

4. ਅਭੈ ਸਿੰਘ ਰਚਿਤ ਜੀਵਨੀ 'ਮਲਾਲਾ' ਦੇ ਅਧਾਰ ਉਤੇ ਮਲਾਲਾ ਯੂਸਫ਼ਜ਼ਈ ਦੇ ਚਰਿੱਤਰ ਵਿਚਲੇ ਪ੍ਰਮੁੱਖ ਗੁਣਾਂ ਦੀ ਨਿਸ਼ਾਨਦੇਹੀ ਕਰੋ।

ਜਾਂ

ਜੀਵਨੀ ਪੁਸਤਕ 'ਮਲਾਲਾ' ਨੂੰ ਅਧਾਰ ਬਣਾ ਕੇ ਅਭੈ ਸਿੰਘ ਦੀ ਵਾਰਤਕ ਸ਼ੈਲੀ ਉਤੇ ਵਿਸਤ੍ਰਿਤ ਨੋਟ ਲਿਖੋ।

5. ਅਮਰਜੀਤ ਚੰਦਨ ਰਚਿਤ ਲੇਖ ਸੰਗ੍ਰਿਹ 'ਫੈਲਸੂਫ਼ੀਆਂ' ਵਿਚ ਪੇਸ਼ ਵਿਭਿੰਨ ਮਸਲਿਆਂ ਬਾਰੇ ਆਪਣੇ ਵਿਚਾਰ ਲਿਖੋ।

ਜਾਂ

ਲੇਖ ਸੰਗ੍ਰਿਹ 'ਫੈਲਸੂਫ਼ੀਆਂ' ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਸਬੰਧਤ ਲਿਖਤ ਵਜੋਂ ਵਿਚਾਰਦਿਆਂ, ਇਸ ਸਬੰਧੀ ਇਕ ਵਿਸਤ੍ਰਿਤ ਨੋਟ ਲਿਖੋ।

Scanned with CamScanner